The Dudley Group NHS
NHS Foundation Trust

# ਮਰੀਜ਼ ਲਈ ਜਾਣਕਾਰੀ

# ਲੇਜ਼ਰ ਕੈਪਸੁਲੋਟੋਮੀ

---

## ਭੂਮਿਕਾ

ਤੁਹਾਨੂੰ ਇਹ ਕਿਤਾਬਚਾ ਇਸ ਲਈ ਦਿੱਤਾ ਗਿਆ ਹੈ ਕਿਉਂਕਿ ਤੁਹਾਡੇ ਅੱਖਾਂ ਦੇ ਡਾਕਟਰ ਨੇ ਸਿਫ਼ਾਰਸ਼ ਕੀਤੀ ਹੈ ਕਿ ਤੁਸੀਂ ਲੇਜ਼ਰ ਕੈਪਸੁਲੋਟੋਮੀ ਨਾਮਕ ਪ੍ਰਕਿਰਿਆ ਕਰਵਾਓ। ਇਹ ਕਿਤਾਬਚਾ ਵਿਆਖਿਆ ਕਰਦਾ ਹੈ ਕਿ ਇਹ ਪ੍ਰਕਿਰਿਆ ਕੀ ਹੈ, ਇਸਦੇ ਫਾਇਦੇ ਅਤੇ ਨੁਕਸਾਨ ਕੀ ਹਨ ਅਤੇ ਜਦੋਂ ਤੁਸੀਂ ਇਹ ਪ੍ਰਕਿਰਿਆ ਕਰਵਾਓਗੇ ਤਾਂ ਕੀ ਹੋਵੇਗਾ।

## ਲੇਜ਼ਰ ਕੈਪਸੁਲੋਟੋਮੀ ਕੀ ਹੁੰਦੀ ਹੈ?

ਜਦੋਂ ਤੁਸੀਂ ਆਪਣੇ ਅਪਾਰਦਰਸ਼ੀ ਲੈਂਜ਼ ਨੂੰ ਕਢਵਾਉਣ ਲਈ ਮੋਤੀਆ-ਬਿੰਦ ਦਾ ਆਪਰੇਸ਼ਨ ਕਰਵਾਉਂਦੇ ਹੋ ਤਾਂ ਤੁਹਾਡੇ ਲੈਂਜ਼ ਦੇ ਬਦਲ ਵੱਜੋਂ ਪਾਏ ਪਲਾਸਟਿਕ ਲੈਂਜ਼ ਨੂੰ ਸਹਾਰਾ ਦੇਣ ਲਈ ਇੱਕ ਪਤਲੀ ਝਿੱਲੀ ਪਿੱਛੇ ਰਹਿ ਜਾਂਦੀ ਹੈ। ਇਹ ਝਿੱਲੀ ਸਮਾਂ ਬੀਤਣ ਨਾਲ ਧੁੰਦਲੀ ਹੋ ਸਕਦੀ ਹੈ ਅਤੇ ਤੁਹਾਡੀ ਨਜ਼ਰ ਨੂੰ ਧੁੰਦਲਾ ਕਰ ਸਕਦੀ ਹੈ ਜਾਂ ਰੋਸ਼ਨੀਆਂ ਨਾਲ ਚਮਕ ਪੈਣ ਦਾ ਕਾਰਨ ਬਣ ਸਕਦੀ ਹੈ। ਲੇਜ਼ਰ ਕੈਪਸੁਲੋਟੋਮੀ ਤੁਹਾਡੀ ਨਜ਼ਰ ਦੀ ਸਪੱਸ਼ਟਤਾ ਵਿੱਚ ਸੁਧਾਰ ਕਰਨ ਲਈ ਇਸ ਧੁੰਦਲੀ ਝਿੱਲੀ ਵਿੱਚ ਸੁਰਾਖ਼ ਕਰਦੀ ਹੈ।

## ਫਾਇਦੇ ਕੀ ਹਨ?

ਤੁਹਾਡੀ ਨਜ਼ਰ ਨੂੰ ਉਸੇ ਸਪੱਸ਼ਟਤਾ ਤੱਕ ਲਿਆਂਦਾ ਜਾਵੇਗਾ ਜਿਵੇਂ ਇਹ ਮੋਤੀਆ-ਬਿੰਦ ਦੇ ਆਪਰੇਸ਼ਨ ਤੋਂ ਤੁਰੰਤ ਬਾਅਦ ਸੀ। ਆਮ ਤੌਰ 'ਤੇ ਇਹ ਇੱਕ ਵਾਰੀ ਹੋਣ ਵਾਲਾ ਇਲਾਜ ਹੈ ਅਤੇ ਅਜਿਹਾ ਬਹੁਤ ਘੱਟ ਹੁੰਦਾ ਹੈ ਕਿ ਇਸ ਪ੍ਰਕਿਰਿਆ ਨੂੰ ਦੁਹਰਾਉਣਾ ਪਵੇ।

## ਜੋਖਮ ਕੀ ਹਨ?

ਸਾਰੀਆਂ ਪ੍ਰਕਿਰਿਆਵਾਂ ਵਿੱਚ ਕੁਝ ਜੋਖਮ ਹੁੰਦਾ ਹੈ। ਲੇਜ਼ਰ ਕੈਪਸੁਲੋਟੋਮੀ ਦੇ ਜੋਖਮ ਹਨ:

- ਅੱਖ ਦਾ ਦਬਾਓ ਵਿੱਚ ਅਸਥਾਈ ਵਾਧਾ। ਜੇ ਤੁਹਾਨੂੰ ਗਲੂਕੋਮਾ (ਮੋਤੀਆ-ਬਿੰਦ) ਹੈ, ਤਾਂ ਕਿਰਪਾ ਕਰਕੇ ਇਸ ਬਾਰੇ ਆਪਣੇ ਅੱਖਾਂ ਦੇ ਡਾਕਟਰ ਨਾਲ ਚਰਚਾ ਕਰੋ।
- ਪ੍ਰਕਿਰਿਆ ਤੋਂ ਬਾਅਦ ਅੱਖ ਵਿੱਚ ਸੋਜ਼ਸ਼। ਇਹ ਆਮ ਤੌਰ 'ਤੇ ਅਸਥਾਈ ਹੁੰਦੀ ਹੈ।

- ਮੈਕੂਲਰ ਐਡੀਮਾ (ਜਿੱਥੇ ਰਿਸਾਵ ਵਾਲੀਆਂ ਲਹੂ ਨਾੜੀਆਂ ਕਰਕੇ ਅੱਖ ਦੇ ਪਿਛਲੇ ਪਾਸੇ ਪਾਣੀ ਇਕੱਠਾ ਹੋ ਜਾਂਦਾ ਹੈ) ਕਰਕੇ ਕੇਂਦਰੀ ਨਜ਼ਰ ਵਿੱਚ ਕਮੀ, ਖਾਸ ਤੌਰ 'ਤੇ ਉਸ ਸਮੇਂ ਜਦੋਂ ਤੁਹਾਨੂੰ ਡਾਇਬਿਟੀਜ਼ ਨਾਲ ਸਬੰਧਿਤ ਰੈਟੀਨੋਪੈਥੀ ਨਾਮਕ ਅੱਖ ਦੀ ਸਮੱਸਿਆ ਹੁੰਦੀ ਹੈ।
- ਰੈਟੀਨਲ ਡਿਟੈਚਮੈਂਟ (ਅੱਖ ਦੀ ਪ੍ਰਕਾਸ਼ ਪ੍ਰਤੀ ਸੰਵੇਦਨਸ਼ੀਲ ਪਰਤ ਲਹਿ ਕੇ ਵੱਖ ਹੋ ਜਾਂਦੀ ਹੈ), ਖਾਸ ਤੌਰ 'ਤੇ ਉਸ ਸਮੇਂ ਜਦੋਂ ਤੁਹਾਡੀ ਦੂਰ ਦੀ ਨਜ਼ਰ ਘੱਟ ਹੁੰਦੀ ਹੈ।
- ਮਰੀਜ਼ਾਂ ਵਿੱਚ ਅੰਨ੍ਹੇਪਣ ਦਾ ਜੋਖਮ ਹੁੰਦਾ ਹੈ, ਖਾਸ ਕਰਕੇ ਜਿਨ੍ਹਾਂ ਨੂੰ ਗਲੂਕੋਮਾ (ਕਾਲਾ ਮੋਤੀਆ) ਹੁੰਦਾ ਹੈ।

## ਵਿਕਲਪਕ ਇਲਾਜ ਦੀਆਂ ਕੀ ਚੋਣਾਂ ਹਨ?

ਵਿਕਲਪਕ ਇਲਾਜ ਦੀਆਂ ਕੋਈ ਚੋਣਾਂ ਨਹੀਂ ਹਨ। ਇਸ ਬਾਰੇ ਫੈਸਲਾ ਤੁਹਾਡਾ ਹੁੰਦਾ ਹੈ ਕਿ ਕੀ ਤੁਸੀਂ ਇਹ ਪ੍ਰਕਿਰਿਆ ਕਰਵਾਉਣੀ ਹੈ ਜਾਂ ਨਹੀਂ।

## ਜੇ ਮੈਂ ਇਹ ਇਲਾਜ ਨਹੀਂ ਕਰਵਾਉਂਦਾ/ਕਰਵਾਉਂਦੀ ਤਾਂ ਕੀ ਹੁੰਦਾ ਹੈ?

ਤੁਹਾਡੀ ਨਜ਼ਰ ਧੁੰਦਲੀ ਰਹਿਣ ਦੀ ਸੰਭਾਵਨਾ ਹੈ ਅਤੇ ਸਮੇਂ ਦੇ ਨਾਲ ਵਿਗੜ ਸਕਦੀ ਹੈ। ਤੁਹਾਨੂੰ ਅਜਿਹਾ ਲੱਗੇਗਾ ਕਿ ਤੁਹਾਡਾ ਮੋਤੀਆ-ਬਿੰਦ ਵਾਪਸ ਆ ਗਿਆ ਹੈ।

## ਪ੍ਰਕਿਰਿਆ ਤੋਂ ਪਹਿਲਾਂ ਮੈਨੂੰ ਕੀ ਕਰਨ ਦੀ ਲੋੜ ਹੈ?

ਟੈਸਟ ਲਈ ਕੋਈ ਖਾਸ ਤਿਆਰੀਆਂ ਨਹੀਂ ਕਰਨੀਆਂ ਹੁੰਦੀਆਂ।

ਕਿਉਂਕਿ ਟੈਸਟ ਤੋਂ ਬਾਅਦ ਤੁਹਾਡੀਆਂ ਅੱਖਾਂ ਧੁੰਦਲੀਆਂ ਹੋ ਜਾਣਗੀਆਂ, ਇਸ ਲਈ ਤੁਸੀਂ ਕਿਸੇ ਵਿਅਕਤੀ ਦਾ ਤੁਹਾਡੇ ਨਾਲ ਆਉਣ ਲਈ ਇੰਤਜ਼ਾਮ ਕਰਨ ਦੇ ਇੱਛੁਕ ਹੋ ਸਕਦੇ ਹੋ। ਇਸ ਤੋਂ ਇਲਾਵਾ, ਕਿਰਪਾ ਕਰਕੇ ਇਸ ਗੱਲ ਵੱਲ ਧਿਆਨ ਦਿਓ ਕਿ ਤੁਸੀਂ ਟੈਸਟ ਤੋਂ ਬਾਅਦ ਡ੍ਰਾਇਵ ਨਹੀਂ ਕਰ ਸਕੋਗੇ।

## ਪ੍ਰਕਿਰਿਆ ਦੌਰਾਨ ਕੀ ਹੁੰਦਾ ਹੈ?

ਲੇਜ਼ਰ ਨਾਲ ਇਲਾਜ ਦਰਦ-ਰਹਿਤ ਪ੍ਰਕਿਰਿਆ ਹੈ। ਤੁਸੀਂ ਬਸ ਰੋਸ਼ਨੀ ਦੇ ਕੁਝ ਤੇਜ਼ ਝਲਕਾਰੇ ਦੇਖੋਗੇ।

ਤੁਹਾਨੂੰ ਲਗਭਗ ਅੱਧੇ ਦਿਨ ਲਈ ਅੱਖਾਂ ਦੇ ਕਲਿਨਿਕ ਵਿੱਚ ਆਉਣ ਦੀ ਲੋੜ ਹੋਵੇਗੀ। ਇੱਕ ਨਰਸ ਤੁਹਾਡੀ ਪੁਤਲੀ ਨੂੰ ਵੱਡਾ ਬਣਾਉਣ ਲਈ ਤੁਹਾਡੀਆਂ ਅੱਖਾਂ ਵਿੱਚ ਕੁਝ ਬੂੰਦਾਂ, ਅਤੇ ਅੱਖ ਦੀ ਸਤ੍ਹਾ ਨੂੰ ਸੁੰਨ੍ਹ ਕਰਨ ਲਈ ਅੱਖਾਂ ਦੀਆਂ ਅਨੈਸਥੈਟਿਕ ਬੂੰਦਾਂ ਪਾਏਗੀ। ਤੁਸੀਂ ਫੇਰ ਇੱਕ ਮਸ਼ੀਨ ਉੱਪਰ ਬੈਠੋਗੇ - ਜੋ ਉਸੇ ਤਰ੍ਹਾਂ ਦੀ ਹੋਵੇਗੀ ਜਿਸ ਨੂੰ ਅੱਖਾਂ ਦੇ ਕਲਿਨਿਕ ਵਿੱਚ ਤੁਹਾਡੀ ਰੁਟੀਨ ਫੇਰੀ ਦੌਰਾਨ ਤੁਹਾਡੀਆਂ ਅੱਖਾਂ ਦੇ ਮੁਆਇਨੇ ਲਈ ਵਰਤਿਆ ਜਾਂਦਾ ਹੈ - ਜਿਸ ਨਾਲ ਵਿਸ਼ੇਸ਼ ਲੇਜ਼ਰ ਲੱਗੀ ਹੁੰਦੀ ਹੈ।

ਅੱਖਾਂ ਦਾ ਡਾਕਟਰ ਲੇਜ਼ਰ ਕਿਰਨ ਦੀ ਵਰਤੋਂ ਕਰਨ ਤੋਂ ਪਹਿਲਾਂ ਤੁਹਾਡੀ ਅੱਖ 'ਤੇ ਵਿਸ਼ੇਸ਼ ਸ਼ੀਸ਼ੇ ਵਾਲੇ ਲੈਂਜ਼, ਜੋ ਕਾਨਟੈਕਟ ਲੈਂਜ਼ ਦੀ ਤਰ੍ਹਾਂ ਹੁੰਦੇ ਹਨ, ਪਾਏਗਾ। ਲੈਂਜ਼ ਨਾਲ ਡਾਕਟਰ ਤੁਹਾਡੀ ਅੱਖ ਦੀ ਝਿੱਲੀ ਨੂੰ

ਸਪੱਸ਼ਟਤਾ ਨਾਲ ਦੇਖ ਸਕਦਾ/ਸਕਦੀ ਹੈ ਤਾਂ ਜੋ ਉਹ ਤੁਹਾਡੀ ਨਜ਼ਰ ਨੂੰ ਸਾਫ ਕਰਨ ਲਈ ਇਸ ਵਿੱਚ ਛੋਟਾ ਜਿਹਾ ਸੁਰਾਖ਼ ਕਰ ਸਕੇ।

ਲੇਜ਼ਰ ਤੋਂ ਪਹਿਲਾਂ ਤੁਹਾਡੀ ਅੱਖ ਨੂੰ ਸੁੰਨ੍ਹ ਕਰਨ ਲਈ ਵਰਤੀਆਂ ਗਈਆਂ ਅਨੈਸਥੈਟਿਕ ਬੂੰਦਾਂ ਕਰਕੇ ਇਲਾਜ ਦਰਦ-ਰਹਿਤ ਹੁੰਦਾ ਹੈ। ਇਸ ਵਿੱਚ ਲਗਭਗ 20 ਮਿੰਟ ਲੱਗਦੇ ਹਨ।

## ਪ੍ਰਕਿਰਿਆ ਤੋਂ ਬਾਅਦ ਕੀ ਹੁੰਦਾ ਹੈ?

ਪ੍ਰਕਿਰਿਆ ਤੋਂ ਬਾਅਦ, ਤੁਸੀਂ ਉਡੀਕ ਖੇਤਰ ਵਿੱਚ ਵਾਪਸ ਜਾਓਗੇ। ਇੱਕ ਘੰਟੇ ਬਾਅਦ ਤੁਹਾਡਾ ਡਾਕਟਰ ਜਾਂ ਨਰਸ ਤੁਹਾਡੀ ਅੱਖ ਦੇ ਦਬਾਅ ਦੀ ਜਾਂਚ ਕਰ ਸਕਦਾ/ਸਕਦੀ ਹੈ। ਉਹ ਫੇਰ ਝਿੱਲੀ ਵਿੱਚ ਸੁਰਾਖ਼ ਦੀ ਜਾਂਚ ਕਰਨ ਲਈ ਤੁਹਾਡੀ ਅੱਖ ਦਾ ਮੁਆਇਨਾ ਕਰੇਗਾ ਜਾਂ ਕਰੇਗੀ।

ਤੁਸੀਂ ਜੋ ਬੂੰਦਾਂ ਪੁਆਈਆਂ ਸਨ ਅਤੇ ਤੁਸੀਂ ਜਿਹੜੀਆਂ ਚਮਕਦਾਰ ਰੋਸ਼ਨੀਆਂ ਦੇਖੀਆਂ ਸਨ ਉਹਨਾਂ ਕਰਕੇ ਤੁਹਾਡੀ ਨਜ਼ਰ ਚੁੰਧਿਆ ਜਾਏਗੀ। ਕੁਝ ਘੰਟਿਆਂ ਬਾਅਦ ਇਹ ਅਸਰ ਖ਼ਤਮ ਹੋ ਜਾਵੇਗਾ।

ਲੇਜ਼ਰ ਇਲਾਜ ਵਾਲੇ ਦਿਨ ਤੁਹਾਨੂੰ ਡ੍ਰਾਇਵ ਨਹੀਂ ਕਰਨਾ ਚਾਹੀਦਾ।

## ਜਦੋਂ ਮੈਂ ਘਰ ਜਾਂਦਾ/ਜਾਂਦੀ ਹਾਂ ਤਾਂ ਕੀ ਹੁੰਦਾ ਹੈ?

ਤੁਹਾਨੂੰ ਆਪਣੀ ਅੱਖ ਦੇ ਸਾਹਮਣੇ ਕੁਝ ਤੈਰਦੇ ਕਿਣਕੇ ਦਿਖਾਈ ਦੇ ਸਕਦੇ ਹਨ ਜੋ ਬਿਲਕੁਲ ਆਮ ਹਨ ਅਤੇ ਸਮਾਂ ਬੀਤਣ ਨਾਲ ਘੱਟ ਜਾਣਗੇ।

ਜੇ ਤੁਹਾਨੂੰ ਲੱਗਦਾ ਹੈ ਕਿ ਤੁਹਾਨੂੰ ਐਨਕਾਂ ਦੇ ਨੰਬਰ ਵਿੱਚ ਤਬਦੀਲੀ ਕਰਨ ਦੀ ਲੋੜ ਹੈ, ਤਾਂ ਉਦੋਂ ਤੱਕ ਉਡੀਕ ਕਰਨੀ ਸਭ ਤੋਂ ਵਧੀਆ ਹੁੰਦਾ ਹੈ ਜਦੋਂ ਤੱਕ ਤੁਸੀਂ ਆਪਣੀ ਫਾਲੋ-ਅੱਪ ਅਪਾਇੰਟਮੈਂਟ ਦੌਰਾਨ ਅੱਖਾਂ ਦੇ ਡਾਕਟਰ ਨੂੰ ਮਿਲ ਨਹੀਂ ਲੈਂਦੇ। ਉਹ ਇਸ ਬਾਰੇ ਤੁਹਾਡੇ ਨਾਲ ਵਿਚਾਰ-ਵਟਾਂਦਰਾ ਕਰੇਗਾ/ਕਰੇਗੀ।

ਜੇ ਤੁਹਾਨੂੰ ਅੱਗੇ ਦਿੱਤਿਆਂ ਵਿੱਚੋਂ ਕੋਈ ਵੀ ਲੱਛਣ ਹੁੰਦੇ ਹਨ, ਤਾਂ ਇਸ ਦਾ ਅਰਥ ਇਹ ਹੋ ਸਕਦਾ ਹੈ ਕਿ ਤੁਹਾਨੂੰ ਅਤਿ-ਜ਼ਰੂਰੀ ਇਲਾਜ ਦੀ ਲੋੜ ਹੈ:

- ਲੋੜੋਂ ਵੱਧ ਦਰਦ
- ਅਚਾਨਕ ਕਿਣਕਿਆਂ (ਜੋ ਅੱਖ ਵਿੱਚ ਤੈਰਨ ਵਾਲੇ ਚੂਰੇ ਦੇ ਛੋਟੇ-ਛੋਟੇ ਟੁਕੜਿਆਂ ਕਰਕੇ ਹੁੰਦੇ ਹਨ) ਦਾ ਆ ਜਾਣਾ
- ਨਜ਼ਰ ਵਿੱਚ ਕਮੀ
- ਚਮਕਦੀਆਂ ਰੋਸ਼ਨੀਆਂ
- ਅੱਖ ਵਿੱਚ ਲਾਲੀ ਦਾ ਵਧਣਾ

ਜੇ ਤੁਹਾਨੂੰ ਇਹਨਾਂ ਵਿੱਚੋਂ ਕਿਸੇ ਵੀ ਲੱਛਣ ਦਾ ਤਜਰਬਾ ਹੁੰਦਾ ਹੈ, ਤਾਂ ਸਲਾਹ ਲਈ ਤੁਰੰਤ ਇਸ ਨੰਬਰ 'ਤੇ ਅੱਖਾਂ ਦੇ ਕਲਿਨਿਕ ਨੂੰ ਫੋਨ ਕਰੋ:

**01384 456111 ਐਕਸਟੈਨਸ਼ਨ 3620 ਜਾਂ ਐਕਸਟੈਨਸ਼ਨ 3621 (ਸਵੇਰੇ 8 ਵਜੇ ਤੋਂ ਸ਼ਾਮ 5 ਵਜੇ, ਸੋਮਵਾਰ ਤੋਂ ਸ਼ੁੱਕਰਵਾਰ) ਜਾਂ ਆਪਣੇ ਸਭ ਤੋਂ ਨੇੜਲੇ ਐਮਰਜੈਂਸੀ ਵਿਭਾਗ (A&E) ਵਿੱਚ ਜਾਓ।**

## ਕੀ ਮੈਨੂੰ ਹੋਰ ਜਾਣਕਾਰੀ ਮਿਲ ਸਕਦੀ ਹੈ?

ਤੁਸੀਂ ਹੇਠਾਂ ਦਿੱਤੇ ਵੈੱਬਲਿੰਕਾਂ ਤੋਂ ਹੋਰ ਜਾਣਕਾਰੀ ਲੈ ਸਕਦੇ ਹੋ:

**RNIB**

http://www.rnib.org.uk/eye-health-eye-conditions-z-eye-conditions/cataracts

**ਰੌਇਲ ਕਾਲਜ ਆਫ ਓਪਥੈਲਮੋਲੋਜਿਸਟਸ**

https://www.rcophth.ac.uk/patients/cataract/

## ਨੋਟ ਕਰੋ

ਇਸ ਕਿਤਾਬਚੇ ਵਿਚਲੀ ਜਾਣਕਾਰੀ ਸਿਰਫ ਜਾਣਕਾਰੀ ਲਈ ਮੁਹੱਈਆ ਕੀਤੀ ਗਈ ਹੈ। ਇਹ ਪੇਸ਼ੇਵਰ ਡਾਕਟਰੀ ਸਲਾਹ ਜਾਂ ਯੋਗਤਾ-ਪ੍ਰਾਪਤ ਡਾਕਟਰ ਜਾਂ ਕਿਸੇ ਹੋਰ ਹੈਲਥਕੇਅਰ ਪੇਸ਼ੇਵਰ ਦੁਆਰਾ ਕੀਤੀ ਜਾਂਦੀ ਦੇਖਭਾਲ ਦਾ ਵਿਕਲਪ **ਨਹੀਂ** ਹੈ। ਇਹ ਪ੍ਰਕਿਰਿਆ ਲਈ ਆਮ ਜਾਣਕਾਰੀ ਹੈ। ਵਿਅਕਤੀਗਤ ਤਜਰਬੇ ਵੱਖ-ਵੱਖ ਹੋ ਸਕਦੇ ਹਨ ਅਤੇ ਹੋ ਸਕਦਾ ਹੈ ਸਾਰੇ ਨੁਕਤੇ ਸਾਰੇ ਮਰੀਜ਼ਾਂ 'ਤੇ ਹਰ ਵਾਰ ਲਾਗੂ ਨਾ ਹੋਣ। ਕਿਰਪਾ ਕਰਕੇ ਆਪਣੇ ਵਿਅਕਤੀਗਤ ਹਾਲਾਤ ਬਾਰੇ ਆਪਣੇ ਅੱਖਾਂ ਦੇ ਡਾਕਟਰ ਨਾਲ ਚਰਚਾ ਕਰੋ। ਜੇ ਤੁਹਾਨੂੰ ਆਪਣੀ ਸਿਹਤ-ਸਮੱਸਿਆ ਜਾਂ ਇਲਾਜ ਬਾਰੇ ਕੋਈ ਚਿੰਤਾਵਾਂ ਹਨ ਤਾਂ **ਹਮੇਸ਼ਾ** ਆਪਣੇ ਡਾਕਟਰ ਤੋਂ ਪਤਾ ਕਰੋ।

## ਜੇ ਮੈਂ ਕੁਝ ਪੁੱਛਣਾ ਹੋਵੇ ਤਾਂ?

ਜੇ ਇਸ ਕਿਤਾਬਚੇ ਨੂੰ ਪੜ੍ਹਨ ਤੋਂ ਬਾਅਦ ਤੁਹਾਡੇ ਕੋਈ ਪ੍ਰਸ਼ਨ ਹਨ, ਤਾਂ ਕਿਰਪਾ ਕਰਕੇ ਨਰਸ ਨਾਲ ਗੱਲ ਕਰਨ ਲਈ ਅੱਗੇ ਦਿੱਤੇ ਨੰਬਰ 'ਤੇ ਅੱਖਾਂ ਦੇ ਕਲਿਨਿਕ ਨਾਲ ਸੰਪਰਕ ਕਰੋ:

**01384 456111 ਐਕਸਟੈਨਸ਼ਨ 3620 ਜਾਂ ਐਕਸਟੈਨਸ਼ਨ 3621 (ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ, ਸੋਮਵਾਰ ਤੋਂ ਸ਼ੁੱਕਰਵਾਰ)**

**ਇਸ ਕਿਤਾਬਚੇ ਨੂੰ ਅੱਗੇ ਦਿੱਤੀ ਵੈਬਸਾਈਟ ਤੋਂ ਡਾਊਨਲੋਡ ਜਾਂ ਪ੍ਰਿੰਟ ਕੀਤਾ ਜਾ ਸਕਦਾ ਹੈ:**

http://dudleygroup.nhs.uk/services-and-wards/ophthalmology/

**This leaflet can be made available in large print, audio version and in other languages, please call 0800 073 0510.**

للحصول على هذه النشرة بحجم أكبر، وعلى شكل إصدار صوتي و بلغات أخرى، الرجاء الاتصال بالرقم 08000730510.

此宣传单可提供大字版本、音频版本和其它语言版本，请拨打电话：0800 073 0510。

Ulotka dostępna jest również w dużym druku, wersji audio lub w innym języku. W tym celu zadzwoń pod numer 0800 073 0510.

**ਇਹ ਪਰਚਾ ਵੱਡੇ ਅੱਖਰਾਂ, ਬੋਲ ਕੇ ਰੀਕਾਰਡ ਕੀਤਾ ਹੋਇਆ ਅਤੇ ਦੂਸਰੀਆਂ ਭਾਸ਼ਾਵਾਂ ਵਿਚ ਵੀ ਪ੍ਰਾਪਤ ਹੋ ਸਕਦਾ ਹੈ,**
0800 073 0510 ਤੇ ਫੋਨ ਕਰੋ ਜੀ।

Aceasta brosura poate fi pusa la dispozitie tiparita cu caractere mari, versiune audio sau in alte limbi, pentru acest lucru va rugam sunati la 0800 073 0510.

یہ کتابچہ آپ کو بڑے حروف کی لکھائی ، سمعی صورت اور دیگر زبانوں میں مہیا کیا جا سکتا ہے۔برائے مہربانی فون نمبر 08000730510پر رابطہ کریں۔

ਤਿਆਰ ਕਰਤਾ: ਓਪਥੈਲਮੋਲੋਜੀ ਡਿਪਾਰਟਮੈਂਟ (ਅੱਖਾਂ ਦਾ ਵਿਭਾਗ)। ਸਮੀਖਿਆ ਕਰਨ ਦੀ ਮਿਤੀ: ਅਕਤੂਬਰ 2015. ਅਗਲੀ ਸਮੀਖਿਆ ਦੀ ਮਿਤੀ: ਅਕਤੂਬਰ 2018. ਸੰਸਕਰਣ: 2. DGH ਰੈਫਰੈਂਸ: DGH/PIL/01137